ISSN 2278-5167
www.shabaduk.co.uk

# ਸ਼ਬਦ

41

ਸਪਲੀਮੈਂਟ

ਮੁੱਲ 100 ਰੁਪਏ

ਲਹਿੰਦੇ ਪੰਜਾਬ ਦਾ [illegible] ਵਿਸ਼ੇਸ਼ ਅੰਕ



ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

*UGC Approved*

# ਸ਼ਬਦ

ਸਪਲੀਮੈਂਟ 41

ਸਾਲ– 28 | ਐਪ੍ਰੈਲ 2025 | ਲਹਿੰਦੇ ਪੰਜਾਬ ਦੀ ਗਲਪ ਅਲੋਚਨਾ ਵਿਸ਼ੇਸ਼ ਅੰਕ

ISSN 2278-5167

Website: www.shabaduk.co.uk

**ਮੁੱਖ ਸੰਪਾਦਕ**

ਹਰਜੀਤ ਅਟਵਾਲ

67,Hillside Road, Southall, Middlesex, England, UBI 2PE

Ph: 020-85780393 Mobile : 07782-265726

E-mail: harjeetatwal@yahoo.co.uk, harjeetatwal@hotmail.co.uk

ਸੰਪਾਦਕ

**ਜਿੰਦਰ**

984, Near Surinder Welding Works, Rajput Nagar

Model House, Jalandhar – 144003

Mobile : 98148-03254, E-mail: jinder340@gmail.com0@gmail.com

ਉਪ ਸੰਪਾਦਕ

**ਹਰਮਹਿੰਦਰ ਚਹਿਲ**

7305, Sterling Grove Dr. Springfield VA 22150 U.S.A.

Ph. 001-703-362-3239 E-mail: chahal57@yahoo.com

**ਰਵੀ ਸ਼ੇਰਗਿੱਲ**

8042, Praine Hawk Way, Sacramento CA 95629 U.S.A.

Ph. 001-916-753-2868 E-mail: drgilldvm@yahoo.com

ਇੰਡੀਆ ਵਿਚ ਸ਼ਬਦ ਲਈ ਸਹਿਯੋਗ ਰਾਸ਼ੀ ਬੈਂਕ ਵਿਚ Saiffi ਦੇ ਨਾ ਭੇਜੀ ਜਾਵੇ

Saiffi, Bank of India, Account No. 640410100003680,

IFSC No. BKID0006404, Branch Satluj Markeet, Jalandhar

ਵਿਸ਼ੇਸ਼ ਨੋਟ : ਚੈੱਕ, ਬੈਂਕ ਡਰਾਫਟ ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

ਚੰਦਾ : 600 ਰੁ. ਸਾਲਾਨਾ, 40 ਪੌਂਡ ਸਾਲਾਨਾ, 100 ਡਾਲਰ ਸਾਲਾਨਾ,

**ਲਾਈਫ ਮੈਂਬਰਸ਼ਿਪ** : ਪੰਜ ਹਜਾਰ ਰੁਪਏ

**ਨੋਟ :** ਅਦਾਰਾ ਸ਼ਬਦ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ ਚ ਹੋਵੇਗੀ।

# ਤ ਤ ਕ ਰਾ


ਮੇਰਾ ਪੰਨਾ - ਹਰਜੀਤ ਅਟਵਾਲ 5

ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਔਰਤ ਦੀ ਦੁਖਾਂਤਕ ਸਥਿਤੀ 7
- ਪਰਮਜੀਤ ਮੀਸ਼ਾ (ਡਾ.)

ਨਵੀਂ ਪੰਜਾਬੀ ਕਹਾਣੀ 17
- ਜ਼ੁਬੈਰ ਅਹਿਮਦ

ਮਕਸੂਦ ਸਾਕਿਬ ਦੀ ਕਹਾਣੀ 'ਤੇ ਪਾਕਿਸਤਾਨ ਬਣ ਗਿਆ ਸੀ'... 24
- ਡਾ. ਜਗਦੀਪ ਸਿੰਘ

ਨਾਬਰੀ ਤੇ ਬਰਾਬਰੀ ਦਾ ਪ੍ਰਵਚਨ : 'ਭੁੱਬਲ' 31
- ਡਾ. ਅਕਾਲ ਅੰਮ੍ਰਿਤ ਕੌਰ

ਸਾਂਝੀ ਪੰਜਾਬੀ ਰਹਿਤਲ ਦੇ ਲੋਕ-ਮਨ ਦੀਆਂ ਜ਼ਿੰਦਾਦਿਲ ਰਵਾਇਤਾਂ... 37
- ਡਾ. ਬੀਰਬਲ ਸਿੰਘ

ਜ਼ਬੈਰ ਅਹਿਮਦ ਦੀ ਕਹਾਣੀ: ਮੂਲ ਸਰੋਕਾਰ 32
- ਡਾ. ਧਰਮਿੰਦਰ ਸਿੰਘ

ਪਾਕਿਸਤਾਨੀ ਪੰਜਾਬੀ ਕਹਾਣੀ : ਦੁਖਾਂਤਕ ਪੈਰਾਡਾਈਮ 48
- ਡਾ. ਬਲਜੀਤ ਸਿੰਘ ਗਿੱਲ

ਬੁਸ਼ਰਾ ਰਹਿਮਾਨ ਦੀ ਕਹਾਣੀ ਅੰਮੜੀ : ਇਕ ਅਧਿਐਨ 57
- ਡਾ. ਸੰਦੀਪ ਰਾਣਾ

ਮਾਸ, ਮਿੱਟੀ ਤੇ ਮਾਇਆ : ਸਵੈ ਪਛਾਣ ਦੀ ਸੰਵੇਦਨਾ ਦਾ 66
- ਡਾ. ਹਰਿੰਦਰ ਕੌਰ ਸੋਹਲ

ਪਾਕਿਸਤਾਨੀ ਕਹਾਣੀ 'ਹਿਜਰਤ' ਦਾ ਲੋਕਧਾਰਾਈ ਅਧਿਐਨ 75
- ਡਾ. ਹਰਵੰਤ ਕੌਰ

ਜ਼ੁਬੈਰ ਅਹਿਮਦ ਦੀਆਂ ਚੋਣਵੀਆਂ ਕਹਾਣੀਆਂ : ਬੀਤੇ ਦਾ ਮੋਹ... 81
- ਡਾ. ਰਾਜਵਿੰਦਰ ਕੌਰ

ਪੰਧ : ਪਰਵਾਸੀ ਜੀਵਨ ਦੀ ਚਕਾਚੌਂਧ ਅਤੇ ਮਨੁੱਖੀ ਰਿਸ਼ਤਿਆਂ... 89
- ਡਾ: ਰਚਨਾ ਕੁਮਾਰੀ

ਜੰਗਲ ਰਾਖੇ ਜੰਗ ਦੇ : ਸੁਮਾਜਿਕ ਯਥਾਰਥ ਦਾ ਪ੍ਰਵਚਨ 95
- ਡਾ. ਕੰਵਲਦੀਪ ਕੌਰ

**ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਔਰਤ: ਸਥਿਤੀ ਤੇ ਸੰਭਾਵਨਾ** 105
- ਡਾ ਸ਼ਰਨਜੀਤ ਕੌਰ

**ਬਦਲਦੇ ਸਮਾਜਿਕ ਸਰੋਕਾਰਾਂ ਦਾ ਪ੍ਰਵਚਨ : ਕਥਾ ਇੱਕ ਕਲਯੁੱਗ ਦੀ** 112
- ਹਰਮਨਪ੍ਰੀਤ ਸਿੰਘ - ਸਾਰਜ

**ਕਹਾਣੀ ਮੁੱਕਦੀ ਨਹੀਂ : ਔਰਤ ਦੀ ਵੇਦਨਾ ਤੇ ਸੰਵੇਦਨਾ ਦਾ ਬਿਰਤਾਂਤ** 126
- ਡਾ. ਲਖਵੀਰ ਲੈਜ਼ੀਆ

**ਤਜ਼ਾਰਤੀ ਰਿਸ਼ਤਿਆਂ ਦੇ ਆਤਮ ਨਿਘਾਰ ਦਾ ਦਸਤਾਵੇਜ਼ : ਜੰਗਲ ਰਾਖੇ ਜੱਗ ਦੇ** 135
- ਗੁਰਜੀਤ ਕੌਰ - ਸੁਖਜਿੰਦਰ ਕੌਰ

**ਜੋਗੀ, ਸੱਪ, ਤਰਾਹ : ਹਾਸ਼ੀਏ ’ਤੇ ਧੱਕੇ ਲੋਕਾਂ ਦੀ ਗਾਥਾ** 149
- ਹਰਿੰਦਰ ਸਿੰਘ ਤੁੜ (ਡਾ.)

**ਜਮੀਲ ਅਹਿਮਦ ਪਾਲ ਦੇ ਕਹਾਣੀ ਸੰਗ੍ਰਹਿ ਤਲਾਕ ਦੀਆਂ ਮਹੀਨ ਪਰਤਾਂ** 161
- ਡਾ. ਗੁਰਵਿੰਦਰ ਕੌਰ

**ਪਾਕਿਸਤਾਨੀ ਪੰਜਾਬੀ ਕਹਾਣੀਆਂ ਵਿੱਚ ਵਿਸ਼ਿਆਂ ਦੀ ਵੰਨ-ਸੁਵੰਨਤਾ** 168
- ਸ਼ਹਿਬਾਜਦੀਪ ਸਿੰਘ ਗੁਲਸ਼ਨ

# ਮੇਰਾ ਪੰਨਾ

ਲਹਿੰਦੇ ਪੰਜਾਬ ਵਿੱਚ ਪੰਜਾਬੀ ਸਾਹਿਤ ਰਚਣ ਦਾ ਕਾਰਜ ਪਾਕਿਸਤਾਨ ਦੀ ਵੰਡ ਤੋਂ ਜਲਦੀ ਬਾਅਦ ਸ਼ੁਰੂ ਹੋ ਗਿਆ ਸੀ। ਪਹਿਲਾਂ ਜ਼ਿਆਦਾਕਰ ਕਵਿਤਾ ਲਿਖੀ ਗਈ। ਕਿਉਂਕਿ ਵੰਡ ਕਾਰਨ ਕਵੀ-ਮਨ ਵਲੂੰਧਰੇ ਗਏ ਸਨ ਤੇ ਕਵੀਆਂ ਨੇ ਆਪਣੇ ਜਜ਼ਬਿਆਂ ਨੂੰ ਅਭਿਵਿਅਕਤ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸਤਾਦ ਦਾਮਨ ਦੀ ਵੰਡ ਬਾਰੇ ਕਵਿਤਾ ਕੁਝ ਇਵੇਂ ਸੀ ਕਿ ਤੁਹਾਡੀ ਅੱਖ ਦੀ ਲਾਲੀ ਦੱਸਦੀ ਹੈ, ਰੋਏ ਤੁਸੀਂ ਵੀ ਹੋ, ਰੋਏ ਅਸੀਂ ਵੀ ਹਾਂ। ਲਹਿੰਦੇ ਪੰਜਾਬ ਵਿੱਚ ਕਵਿਤਾ ਕਾਫੀ ਮਿਕਦਾਰ ਵਿੱਚ ਲਿਖੀ ਗਈ ਤੇ ਇਹ ਕਵਿਤਾ ਚੜ੍ਹਦੇ ਪੰਜਾਬ ਵਿੱਚ ਵੀ ਛਪਦੀ ਰਹੀ ਹੈ। ਨਾਵਲ ਤੇ ਕਹਾਣੀ ਉਪਰ ਕੰਮ 1960 ਵਿੱਚ ਸ਼ੁਰੂ ਹੁੰਦਾ ਹੈ ਜਦ ਅਬਦੁਲ ਮਜੀਦ ਭੱਟੀ ਦਾ ਨਾਵਲ 'ਠੰਡਾ' ਛਪਦਾ ਹੈ। ਉਸ ਤੋਂ ਲੈ ਕੇ 1997 ਮਨਸ਼ਾ ਯਾਦ ਦੇ ਲਿਖੇ ਨਾਵਲ ‘ਟਾਵਾਂ ਟਾਵਾਂ ਤਾਰਾ’ ਤੱਕ ਲਗਭਗ ਅੱਸੀ ਨਾਵਲ ਪੰਜਾਬੀ ਵਿੱਚ ਛਪ ਚੁੱਕੇ ਸਨ। ਉਸ ਤੋਂ ਬਾਅਦ ਡੇਢ੍ਹ-ਦੋ ਦਰਜਨ ਹੋਰ ਛਪ ਕੇ ਪਾਕਿਸਤਾਨੀ ਪੰਜਾਬੀ ਨਾਵਲਾਂ ਦੀ ਗਿਣਤੀ ਸੌ ਦੇ ਕਰੀਬ ਹੋ ਚੁੱਕੀ ਹੈ। ਇਵੇਂ ਹੀ ਜੇ ਕਹਾਣੀ ਸੰਗ੍ਰਹਿ ਦੀ ਗੱਲ ਕਰੀਏ ਤਾਂ ਇਹ ਵੀ ਡੇਢ੍ਹ ਸੌ ਤੋਂ ਉਪਰ ਛਪ ਚੁੱਕੇ ਹਨ। ਲਹਿੰਦੇ ਪੰਜਾਬ ਵਲੋਂ ਪੰਜਾਬੀ ਵਿੱਚ ਲਿਖੇ ਗਏ ਨਾਟਕਾਂ ਦੀ ਗਿਣਤੀ ਕੁਝ ਘੱਟ ਹੈ। ਲਹਿੰਦੇ ਪੰਜਾਬ ਦਾ ਜੋ ਵੀ ਪੰਜਾਬੀ ਸਾਹਿਤ ਚੜ੍ਹਦੇ ਪੰਜਾਬ ਵਿੱਚ ਛਪਦਾ ਹੈ ਤਾਂ ਉਸ ਉਪਰ ਭਰਪੂਰ ਆਲੋਚਨਾ ਵੀ ਹੁੰਦੀ ਰਹੀ ਹੈ। ਡਾ ਸੁਰਿੰਦਰ ਸਿੰਘ ਨਰੂਲਾ ਨੇ ਆਪਣੀ ਕਿਤਾਬ ਵਿੱਚ ਪਾਕਿਤਾਨੀ ਪੰਜਾਬੀ ਕਵਿਤਾ ਦਾ ਮੁਲਾਂਕਣ ਕੀਤਾ ਹੈ। ਪੰਜਾਬੀ ਸ਼ਾਇਰ ਡਾ. ਜਗਤਾਰ ਦਾ ਲਹਿੰਦੇ ਪੰਜਾਬ ਦੇ ਸਾਹਿਤ ਨਾਲ ਡੂੰਘਾ ਵਾਹ ਰਿਹਾ ਹੈ ਤੇ ਉਸ ਨੇ ਇਸ ਦਾ ਮੁਲਾਂਕਣ ਵੀ ਕੀਤਾ ਹੈ। ਡਾ. ਅਤਰ ਸਿੰਘ, ਡਾ. ਕਰਨੈਲ ਥਿੰਦ, ਡਾ. ਜਤਿੰਦਰ ਜੌਲੀ, ਹਰਬੰਸ ਸਿੰਘ ਧੀਮਾਨ ਵਰਗੇ ਬਹੁਤ ਸਾਰੇ ਵਿਦਵਾਨਾਂ ਸਮੇਂ-ਸਮੇਂ ਲਹਿੰਦੇ ਪੰਜਾਬ ਦੇ ਸਾਹਿਤ ਦਾ ਆਲੋਚਨਾਤਮਕ ਅਧਿਐਨ ਕਰਦੇ ਰਹੇ ਹਨ। ਭਾਰਤੀ ਯੂਨੀਵਰਸਟੀਆਂ ਵਿੱਚ ਲਹਿੰਦੇ ਪੰਜਾਬ ਦੇ ਪੰਜਾਬੀ ਸਾਹਿਤ ਉਪਰ ਸਮੇਂ-ਸਮੇਂ ਖੋਜ-ਕਾਰਜ ਵੀ ਚਲਦਾ ਰਹਿੰਦਾ ਹੈ। ਇਹਨਾਂ ਖੋਜਾਰਥੀਆਂ ਵਲੋਂ ਕਿੰਨੀਆਂ ਹੀ ਪੀਐਚ.ਡੀ ਤੇ ਐਮ.ਫਿੱਲ ਦੀਆਂ ਡਿਗਰੀਆਂ ਹਾਸਿਲ ਕੀਤੀਆਂ ਜਾ ਚੁੱਕੀਆਂ ਹਨ। ਪਹਿਲੇ ਦੌਰ ਦੇ ਲੇਖਕਾਂ ਜਿਵੇਂ ਕਿ ਅਫ਼ਜ਼ਲ ਅਹਿਸਨ ਰੰਧਾਵਾ, ਫ਼ਖ਼ਰ ਜ਼ਮਾਨ, ਸਲੀਮ ਖਾਂ ਗਿੰਮੀ, ਅਹਿਮਦ ਸਲੀਮ, ਫ਼ਰਜੰਦ ਅਲੀ, ਐਮ. ਹੁਸੈਨ ਤਾਰੜ, ਅਹਿਸਾਨ ਬਟਾਲਵੀ ਆਦਿ ਦੇ ਨਾਲ-ਨਾਲ ਨਵੀਂ

ਪੀੜ੍ਹੀ ਦੇ ਬਹੁਤ ਸਾਰੇ ਲੇਖਕ ਜਿਵੇਂ ਕਿ ਖ਼ਾਲਿਦ ਧਾਲੀਵਾਲ, ਮਕਸੂਦ ਸਾਕਿਬ, ਜ਼ੁਬੈਦ ਅਹਿਮਦ, ਸ਼ਹਿਜ਼ਾਦ ਅਸਲਮ, ਇਲਿਆਸ ਘੁੰਮਣ ਆਦਿ ਵੀ ਆ ਜੁੜੇ ਹਨ। ਇਸ ਵੇਲੇ ਪਾਕਿਸਤਾਨ ਵਿੱਚ ਪੰਜਾਬੀ ਸਾਹਿਤ ਰਚਣ ਵਿੱਚ ਬਹੁਤ ਸਾਰੇ ਲੇਖਕ ਸਰਗਰਮ ਹਨ। ਨਵੇਂ-ਨਵੇਂ ਲੇਖਕ ਇਸ ਖੇਤਰ ਵਿੱਚ ਪੈਰ ਰੱਖ ਰਹੇ ਹਨ। ਪਾਕਿਸਤਾਨੀ ਪੰਜਾਬੀ ਸਾਹਿਤ ਆਪਣੀ ਇਕ ਵੱਖਰੀ ਪੱਛਾਣ ਬਣਾ ਚੁੱਕਾ ਹੈ ਤੇ ਇਹ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦਾ ਅਹਿਮ ਹਿੱਸਾ ਬਣ ਗਿਆ ਹੈ। ਇਸ ਵੇਲੇ ਇਸ ਸਾਹਿਤ ਦਾ ਮੁਲਾਂਕਣ ਕਰਨ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਇਸੇ ਅਹਿਮੀਅਤ ਨੂੰ ਮੱਦੇਨਜ਼ਰ ਰੱਖਦਿਆਂ ਅਸੀਂ ਲਹਿੰਦੇ ਪੰਜਾਬ ਦੀ ਗਲਪ ਆਲੋਚਨਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰ ਰਹੇ ਹਾਂ। ਅਜਿਹੇ ਵਿਸ਼ੇਸ਼ ਅੰਕ ਅਸੀਂ ਅਗਾਂਹ ਨੂੰ ਵੀ ਪ੍ਰਕਾਸ਼ਿਤ ਕਰਦੇ ਰਹਾਂਗੇ। ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਹਾਇਕ ਪ੍ਰੋਫ਼ੈਸਰ (ਡਾ.) ਹਰਿੰਦਰ ਸੋਹਲ ਦਾ ਧੰਨਵਾਦ ਜਿਨ੍ਹਾਂ ਨੇ ਉਚੇਚੇ ਯਤਨ ਕਰਕੇ ਇਸ ਅੰਕ ਨੂੰ ਵਿਉਂਤਿਆ ਹੈ। ਡਾ. ਹਰਿੰਦਰ ਕੌਰ ਸੋਹਲ ਇਸ ਅੰਕ ਦੇ ਮਹਿਮਾਨ ਸੰਪਾਦਕ ਹਨ।

**- ਹਰਜੀਤ ਅਟਵਾਲ**